ਗਾਇਨ ਨਾਲ ਕੀਤਾ ਗਿਆ।ਉਪਰੰਤ ਮੁੱਖ ਮਹਿਮਾਨ ਸੁਖਦੇਵ ਸਿੰਘ ਪੰਨੂੰ ਵੱਲੋਂ ਝੰਡੇ ਨੂੰ ਸਲਾਮੀ ਦਿੰਤੀ ਗਈ।ਹੋਰ ਝੰਡੇ ਫੜ ਕੇ ਚਾਰ ਹਾਊਸਾਂ ਦੇ ਵਿਦਿਆਰਥੀਆਂ ਦੁਆਰਾ ਮਾਰਚ ਪਾਸਟ ਕਰਦੇ ਹੋਏ ਗਰਾਊਂਡ ਵਿੱਚ ਚੱਕਰ ਲਾਇਆ ਗਿਆ ਤੇ ਮੁੱਖ ਮਹਿਮਾਨ ਤੋਂ ਸਲਾਮੀ ਲਈ।ਸਹੁੰ ਚੁੱਕਣ ਦੀ ਰਸਮ ਉਪਰੰਤ ਪ੍ਰਿੰਸੀਪਲ ਦੁਆਰਾ ਮੁੱਖ ਮਹਿਮਾਨ ਸੁਖਦੇਵ ਸਿੰਘ ਪੰਨੂੰ ਦਾ ਰਸਮੀ ਸਵਾਗਤ ਕੀਤਾ ਗਿਆ।ਮੁੱਖ ਮਹਿਮਾਨ ਸੁਖਦੇਵ ਸਿੰਘ ਪੰਨੂੰ ਨੇ ਖੇਡ ਸਮਾਗਮ ਆਰੰਭ ਕਰਨ ਦਾ ਐਲਾਨ ਕੀਤਾ।ਖੇਡ ਸਮਾਗਮ ਦੌਰਾਨ 100 ਮੀਟਰ, 200 ਮੀਟਰ, 400 ਮੀਟਰ, ਥ੍ਰੀ ਲੈੱਗ, ਲੈਮਨ ਸਪੂਨ, ਬੋਰੀ ਰੇਸ, ਗਿਲੇਅ ਦੌੜਾਂ ਕਰਾਈਆਂ ਗਈਆਂ।ਵਾਚ ਹਾਊਸਾਂ ਦੇ ਮੁਕਾਬਲੇ 'ਚੋਂ ਸੇਵਰਨ ਹਾਊਸ ਨੂੰ 'ਬੈਸਟ ਹਾਊਸ' ਦੀ ਟਰਾਫ਼ੀ ਦੇ ਕੇ ਸਨਮਾਨਤ ਕੀਤਾ ਗਿਆ।ਜੇਤੂ ਵਿਦਿਆਰਥੀਆਂ ਨੂੰ ਮੁੱਖ ਮਹਿਮਾਨ ਵੱਲੋਂ ਇਨਾਮ ਤਕਸੀਮ ਕੀਤੇ ਗਏ।ਜੀਵਨ ਵਿੱਚ ਖੇਡਾਂ ਦੀ ਮਹਾਨਤਾ ਬਾਰੇ ਦੱਸਦਿਆਂ ਮੁੱਖ ਮਹਿਮਾਨ ਸੁਖਦੇਵ ਸਿੰਘ ਪੰਨੂੰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੇਡ ਸਮਾਗਮ ਦਾ ਆਯੋਜਨ ਬਹੁਤ ਵਧੀਆ ਤਰੀਕੇ ਨਾਲ ਕੀਤਾ ਗਿਆ।ਉਨ੍ਹਾਂ ਕਿਹਾ ਕਿ ਖੇਡਾਂ ਮਨੁੱਖੀ ਜੀਵਨ ਦਾ ਅਨਿੱਖੜਵਾਂ ਅੰਗ ਹਨ।ਇਹ ਮਨੁੱਖ ਦੇ ਸਰਵਪੱਖੀ ਵਿਕਾਸ ਲਈ ਜਰੂਰੀ ਹਨ।ਇਸ ਨਾਲ ਬੌਦਿਕਾਂ ਦਾ ਬੌਧਿਕ, ਮਾਨਸਿਕ ਅਤੇ ਸਰੀਰਕ ਵਿਕਾਸ ਹੁੰਦਾ ਹੈ।ਖੇਡਾਂ ਦੁਆਰਾ ਹੀ ਇੱਕ ਤੰਦਰੁਸਤ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ।ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਠਾੜ ਨੇ ਸਕੂਲ ਦੇ ਸਾਲਾਨਾ ਖੇਡ ਸਮਾਗਮ ਦੀ ਆਰੰਭਤਾ ਤੇ ਸਕੂਲ ਪ੍ਰਿੰਸੀਪਲ, ਸਟਾਫ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

ਪਰਾਲੀ ਸਾੜਨ ਦੇ ਮਾਮਲੇ 'ਚ ਕਾਰਵਾਈ ਕਰਨ ਪੁੱਜੇ ਅਧਿਕਾਰੀਆਂ ਦਾ ਘੇਰਾਓ

ਮਹਿਲ ਕਲਾਂ (ਪ੍ਰਦੀਪ ਸਿੰਘ ਲੇਹਰਾਗਾਗਾ)-ਪਿੰਡ ਅਮਲਾ ਸਿੰਘ ਵਾਲਾ ਵਿਖੇ ਇੱਕ ਕਿਸਾਨ ਦੇ ਖੇਤ ਵਿੱਚ ਪਰਾਲੀ ਸਾੜਨ 'ਤੇ ਕਾਰਵਾਈ ਕਰਨ ਪੁੱਜੇ ਅਧਿਕਾਰੀਆਂ ਦਾ ਕਿਸਾਨਾਂ ਵੱਲੋਂ ਘਿਰਾਓ ਕਰਕੇ ਨਾਅਰੇਬਾਜ਼ੀ ਕੀਤੀ ਗਈ।ਭਾਕਿਯੂ ਉਗਰਾਹਾਂ ਦੇ ਆਗੂ ਰਾਮ ਸਿੰਘ ਸੰਘੇੜਾ ਨੇ ਕਿਹਾ ਕਿ ਝੋਨੇ ਦੇ ਸੀਜ਼ਨ ਦੌਰਾਨ ਕੋਵਰ ਤੇ ਰਾਸ ਸਰਕਾਰ ਵੱਲੋਂ ਪਰਾਲੀ ਦਾ ਢੁੱਕਵਾਂ ਪ੍ਰਬੰਧ ਨਾ ਕੀਤੇ ਜਾਣ ਕਾਰਨ ਕਿਸਾਨਾਂ ਨੂੰ ਆਪਣੇ ਖੇਤ ਵਿੱਚ ਪਰਾਲੀ ਨੂੰ ਅੱਗ ਲਾਉਣਾ ਕਿਸਾਨਾਂ ਦੀ ਮਜਬੂਰੀ ਹੈ।ਸਰਕਾਰ ਇਸ ਦਾ ਢੁੱਕਵਾਂ ਹੱਲ ਕਰਨ ਦੀ ਬਜਾਏ ਸਿਰਫ਼ ਪਰਾਲੀ ਦਾ ਧੂਆ ਮਚਾਉਣ ਵਾਲੇ ਕਿਸਾਨਾਂ ਉੱਪਰ ਸਖ਼ਤ ਕਾਰਵਾਈ ਕਰ ਰਹੀ ਹੈ।ਕਿਸਾਨਾਂ ਵੱਲੋਂ ਇਸ ਸਰਕਾਰੀ ਧੱਕੇਸ਼ਾਹੀ ਵਿਰੁੱਧ ਸੰਘਰਸ਼ ਕੀਤਾ ਜਾਵੇਗਾ। ਪੁਲਸ ਥਾਣਾ ਠੰਡੀਵਾਲ ਦੇ ਮੁੱਖ ਅਫਸਰ ਸਤੀਸ਼ ਖ਼ਾਨ ਨੇ ਘਟਨਾ ਸਥਾਨ 'ਤੇ ਪੁੱਜ ਕੇ ਸਥਿਤੀ ਦਾ ਜਾਇਜ਼ਾ ਲਿਆ।ਉਨ੍ਹਾਂ ਦੱਸਿਆ ਕਿ ਸਾਰੀ ਰਿਪੋਰਟ ਤਿਆਰ ਕਰਕੇ ਪੰਜਾਬ ਸਰਕਾਰ ਤੱਕ ਪਹੁੰਚਾਈ ਜਾਵੇਗੀ।ਇਸ ਮੌਕੇ ਪਿੰਡ ਇਕਾਈ ਪ੍ਰਧਾਨ ਚਮਕੌਰ ਸਿੰਘ, ਅੰਗਰੇਜ਼ ਸਿੰਘ, ਦਾਨ ਸਿੰਘ, ਇਸਤਰੀ ਆਗੂ ਸਰਬਜੀਤ ਕੌਰ ਆਦਿ ਹਾਜ਼ਰ ਸਨ।

ਅੰਤਰਰਾਸ਼ਟਰੀ ਬਾਲ ਲੇਖਕ ਕਾਨਫਰੰਸ 16-17 ਨੂੰ

ਫਿਰੋਜ਼ਪੁਰ (ਅਸ਼ੋਕ ਭਗਤ)-ਪੰਜਾਬ ਭਵਨ ਸਰੀ ਕੈਨੇਡਾ ਵੱਲੋਂ ਮਸਤੂਆਣਾ ਸਾਹਿਬ ਵਿਖੇ 16-17 ਨਵੰਬਰ 2024 ਨੂੰ ਦੋ ਰੋਜ਼ਾ ਅੰਤਰਰਾਸ਼ਟਰੀ ਬਾਲ ਲੇਖਕ ਕਾਨਫਰੰਸ ਕਰਵਾਈ ਜਾ ਰਹੀ ਹੈ।ਇਸ ਬਾਲ ਕਾਨਫਰੰਸ ਵਿੱਚ ਭਾਗ ਲੈਣ ਵਾਲੇ ਜਿਲ੍ਹਾ ਫ਼ਿਰੋਜ਼ਪੁਰ ਦੇ ਬਾਲ ਲੇਖਕਾਂ ਦੀ ਸਕੂਲ ਮੁਖੀਆਂ ਤੇ ਗਾਈਡ ਅਧਿਆਪਕਾਂ ਵੱਲੋਂ ਵੱਖ-ਵੱਖ ਸੰਸਥਾਵਾਂ ਵਿੱਚ ਤਿਆਰੀ ਪੂਰੇ ਜ਼ੋਰਾਂ ਨਾਲ ਚੱਲ ਰਹੀ ਹੈ, ਜਿਸ ਦਾ ਡਾ. ਅਮਰ ਜੋਤੀ ਮਾਂਗਟ ਮੁੱਖ ਸਿਪਾਦਕ ਵੱਲੋਂ ਜਾਇਜ਼ਾ ਲਿਆ ਗਿਆ।ਉਨ੍ਹਾਂ ਵੱਲੋਂ ਲੋਡ ਮੁਤਾਬਕ ਕਮੀਆਂ ਨੂੰ ਸੁਧਾਰਨ ਤੇ ਵਧੀਆ ਪੌਧਾਂ ਨੂੰ ਹੋਰ ਉਸਾਰਨ ਕਰਨ ਬਾਰੇ ਗਾਈਡ ਅਧਿਆਪਕਾਂ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਉਨ੍ਹਾਂ ਕਿਹਾ ਕਿ ਅਜਿਹੇ ਉਪਰਾਲੇ ਬਾਲ ਲੇਖਕਾਂ ਵਿੱਚ ਛੁਪੀ ਪ੍ਰਤਿਭਾ ਨੂੰ ਉਭਾਰਨ ਤੇ ਉਨ੍ਹਾਂ ਦੀਆਂ ਸਾਹਿਤਕ ਰੁਚੀਆਂ ਨੂੰ ਬੜ੍ਹਾਵਾ ਦੇਣ ਲਈ ਬਹੁਤ ਸਹਾਈ ਸਿੱਧ ਹੁੰਦੇ ਹਨ।

...ਸ਼ਫ਼ਾ 1 ਦੇ ਬਾਕੀ

ਫ਼ੋਮ ਚੋਂ ਕੱਢਣ...

ਸੋਮਵਾਰ ਜਾਲਨਾ ਜ਼ਿਲ੍ਹੇ ਦੇ ਭੋਕਰਦਾਨ 'ਚ ਦਾਨਵੇ ਨੇ ਸ਼ਿਵ ਸੈਨਾ ਨੇਤਾ ਅਤੇ ਸਾਬਕਾ ਮੰਤਰੀ ਅਰਜੁਨ ਖੋਟਕਰ ਨਾਲ ਮੁਲਾਕਾਤ ਕੀਤੀ।

ਵੀਡੀਓ 'ਚ ਦਿਖਾਇਆ ਗਿਆ ਹੈ ਕਿ ਇੱਕ ਵਿਅਕਤੀ ਵਰੰਡਾ 'ਚ ਆਉਂਦਾ ਹੈ ਅਤੇ ਦਾਨਵੇ ਉਸ ਨੂੰ ਆਪਣੀ ਸੀਜੀ ਲੌਰ ਨਾਲ ਮਾਰਦਾ ਹੈ ਤੇ ਉਸ ਨੂੰ ਇੱਕ ਪਾਸੇ ਜਾਣ ਲਈ ਕਹਿੰਦਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਪਣੀ ਪਛਾਣ ਸ਼ੇਖ ਦੇ ਤੌਰ 'ਤੇ ਦੱਸਣ ਵਾਲੇ ਵਿਅਕਤੀ ਨੇ ਕਿਹਾ— ਮੈਂ ਰਾਓਸਾਹਿਬ ਦਾਨਵੇ ਦਾ ਕਰੀਬੀ ਦੋਸਤ ਹਾਂ ਅਤੇ ਸਾਡੀ 30 ਸਾਲਾਂ ਦੀ ਦੋਸਤੀ ਹੈ। ਜੋ ਖਬਰ ਵਾਇਰਲ ਹੋਈ ਹੈ, ਉਹ ਗਲਤ ਹੈ। ਮੈਂ ਸਿਰਫ ਦਾਨਵੇ ਦੀ ਕਮੀਜ਼ ਨੂੰ ਠੀਕ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ।

ਇਸ ਘਟਨਾ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਸ਼ਿਵ ਸੈਨਾ (ਯੂ ਬੀ ਟੀ) ਦੇ ਨੇਤਾ ਆਦਿੱਤਿਆ ਠਾਕਰੇ ਨੇ ਕਿਹਾ— ਰਾਓਸਾਹਿਬ ਨੂੰ ਫੁੱਟਬਾਲ 'ਚ ਹੋਣਾ ਚਾਹੀਦਾ ਸੀ। ਭਾਜਪਾ ਵਰਕਰਾਂ ਨੂੰ ਪਿਛਲੇ ਦੋ ਸਾਲਾਂ 'ਚ ਕੁਝ ਨਹੀਂ ਮਿਲਿਆ। ਇਸ ਲਈ ਜੋ ਉਹ ਦੁਬਾਰਾ ਭਾਜਪਾ ਨੂੰ ਵੋਟ ਪਾਉਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਮੁਫ਼ਤ ਵਿਚਾਰ ਕਰਨਾ ਚਾਹੀਦਾ ਹੈ।

ਬੈਨੀਵਾਲ ਨੇ ਬਹੁਤ...

ਗਿਆ ਸੀ। ਗਜ਼ੀ ਨੇ ਮੰਗਲਵਾਰ ਆਪਣੇ ਫੇਰੀਫਾਈਡ 'ਐਕਸ' ਖਾਤੇ ਤੋਂ ਇਕ ਪੋਸਟ ਸਾਂਝੀ ਕੀਤੀ ਹੈ। ਹਿੰਦੀ 'ਚ ਲਿਖੀ ਪੋਸਟ ਵਿੱਚ ਬਸਪਾ ਦੀ ਕੌਮੀ ਪ੍ਰਧਾਨ ਮਾਇਆਵਤੀ, ਕੌਮੀ ਕੋਆਰਡੀਨੇਟਰ ਆਕਾਸ਼ ਆਨੰਦ, ਕੋਦਰੀ ਆਗੂਆਂ ਸਤੀਸ਼ ਮਿਸ਼ਰਾ, ਰਾਮਜੀ ਗੌਤਮ ਆਦਿ ਨੂੰ ਵੀ ਟੈਗ ਕੀਤਾ ਗਿਆ ਹੈ। ਗਜ਼ੀ ਨੇ ਆਪਣੀ ਇਸ ਪੋਸਟ ਵਿਚ ਲਿਖਿਆ ਹੈ—ਜਿਸ ਗੌਲ ਲਈ ਮੈਂ ਬਸਪਾ ਦੀ ਕੌਮੀ ਪ੍ਰਧਾਨ ਭੇਣ ਕੁਮਾਰੀ ਮਾਇਆਵਤੀ ਤੋਂ ਫੋਨ ਕਰਕੇ ਸਮਾਂ ਮੰਗਿਆ ਹੈ, ਉਹ ਮੇਰੇ ਦਿਲ 'ਚ ਹੀ ਨਾ ਰਹਿ ਜਾਵੇ, ਇਸ ਲਈ ਸਾਰਾ ਮਾਮਲਾ ਲੱਕਾਂ ਦੀ ਕਚਹਿਰੀ 'ਚ ਸਬੂਤਾਂ ਸਮੇਤ ਪੇਸ਼ ਕਰ ਰਿਹਾ ਹਾਂ। ਮੈਂ ਭੇਣ ਮਾਇਆਵਤੀ ਜੀ ਤੋਂ ਮੁਲਾਕਾਤ ਲਈ 5 ਨਵੰਬਰ ਨੂੰ ਪਾਰਟੀ ਦਫਤਰ ਵਿੱਚ ਫੋਨ ਕੀਤਾ ਸੀ।

ਗਜ਼ੀ ਨੇ ਬੈਨੀਵਾਲ ਨੂੰ ਸਵਾਲ ਕਰਦਿਆਂ ਕਿਹਾ ਕਿ ਇਕ ਪਾਸੇ ਜਿੱਥੇ ਪਾਰਟੀ ਵਰਕਰਾਂ ਤੇ ਮੋਟਰਸਾਈਕਲ ਵੀ ਨਹੀਂ ਖਰੀਦਿਆ ਜਾ ਰਿਹਾ ਤਾਂ ਉਥੇ ਬੈਨੀਵਾਲ ਨੇ 7 ਕਰੋੜ ਰੁਪਏ ਦੀਆਂ 13 ਜ਼ਮੀਨਾਂ/ ਪਲਾਟ/ ਦੁਕਾਨਾਂ ਕਿਵੇਂ ਖਰੀਦ ਲਈਆਂ ਹਨ? ਨਾਲ ਹੀ 4 ਕਰੋੜ ਦੀ ਲਾਗਤ ਵਾਲੇ ਦੋ ਮਹਿਲਾਂ ਵਰਗੇ ਘਰ ਅਤੇ ਸੋਮਰੂਮ ਕਿਵੇਂ ਬਣਾ ਲਏ?

ਗਜ਼ੀ ਨੇ ਬੈਨੀਵਾਲ ਉਤੇ ਚਾਰ ਸਾਲਾਂ 'ਚ 80 ਲੱਖ ਰੁਪਏ ਦੀਆਂ ਚਾਰ ਗੰਡੋਆਂ ਖਰੀਦਣ ਦੇ ਦੋਸ਼ ਵੀ ਲਾਏ ਹਨ। ਗੌਰਤਲਬ ਹੈ ਕਿ ਬੈਨੀਵਾਲ ਉਤੇ ਬੀਤੇ ਮਹੀਨੇ ਹੋਈਆਂ ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਬਾਅਦ ਉਥੋਂ ਦੇ ਕਥਿਤ ਬਸਪਾ ਵਰਕਰਾਂ ਵੱਲੋਂ ਵੀ ਸੋਸ਼ਲ ਮੀਡੀਆ ਪੋਸਟਾਂ ਰਾਹੀਂ ਅਜਿਹੇ ਹੀ ਦੋਸ਼ ਲਾਏ ਜਾ ਰਹੇ ਹਨ।

ਗਜ਼ੀ ਨੇ ਪੰਜਾਬ ਦੇ ਬਸਪਾ ਦਫਤਰ ਦੇ 'ਮੈਨਟੀਨੈਂਸ ਫੰਡ ਹਰ ਮਹੀਨੇ ਐਸਤਨ 60/70 ਹਜ਼ਾਰ ਰੁਪਏ ਚੋਰੀ' ਕਰਨ ਦੇ ਦੋਸ਼ ਵੀ ਲਾਏ ਹਨ ਤੇ ਇੰਝ ਕੁੱਲ ਰਕਮ 30 ਲੱਖ ਰੁਪਏ ਲੁੱਟਣ ਦੇ ਦੋਸ਼ ਲਾਏ ਹਨ। ਟਵੀਟ ਵਿਚ ਬੈਨੀਵਾਲ ਦੇ ਉਨ੍ਹਾਂ ਪਰਵਾਰਕ ਮੈਂਬਰਾਂ ਦੇ ਨਾਅ ਵੀ ਲਿਖੇ ਹਨ, ਜਿਨ੍ਹਾਂ ਦੇ ਨਾਅ ਉਤੇ ਸੰਬੰਧਤ ਜਾਇਦਾਦਾਂ ਬੋਲਦੀਆਂ ਹਨ। ਗਜ਼ੀ ਨੇ ਕਿਹਾ ਕਿ ਉਹ ਪਿਛਲੇ 25 ਸਾਲਾਂ ਤੋਂ ਬਹੁਜਨ ਅੰਦੋਲਨ ਨਾਲ ਜੁੜੇ ਹੋਏ ਹਨ ਅਤੇ ਪਾਰਟੀ ਦੇ ਬਾਨੀ 'ਸਾਹਿਬ ਕਾਂਸ਼ੀ ਰਾਮ ਵੱਲੋਂ ਦਿੱਤੀਆਂ ਕਦਰਾਂ-ਕੀਮਤਾਂ' ਤਹਿਤ ਕੰਮ ਕਰ ਰਹੇ ਹਨ। ਉਨ੍ਹਾ ਦੋਸ਼ ਲਾਇਆ—ਇਸ ਦੌਰਾਨ ਕੁਝ ਲੁਟੇਰੇ ਅਤੇ ਡਕੈਤ ਪ੍ਰਚਾਰੀ (ਵਿਚਾਰਜ) ਬਣ ਕੇ ਆਏ, ਬਹੁਜਨ ਸਮਾਜ ਦਾ ਸਮਾਂ ਤੇ ਪੈਸਾ ਲੁੱਟਿਆ ਅਤੇ ਕਰੋੜਾਂ ਦੀ ਜਾਇਦਾਦ ਬਣਾ ਕੇ ਬਹੁਜਨ ਸਮਾਜ ਪਾਰਟੀ ਨੂੰ ਹਨੇਰੇ 'ਚ ਛੱਡ ਦਿੱਤਾ। ਇਸ ਤੋਂ ਵੀ ਦੁਖਦਾਈ ਗੱਲ ਉਨ੍ਹਾ ਤੇ ਉਨ੍ਹਾ ਵਰਗੇ ਹੋਰ ਜੁਝਾਰੂਆਂ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਜਾਣਾ ਹੈ। ਅਜਿਹਾ ਕਰਨਾ ਪਾਰਟੀ ਵੱਲੋਂ ਆਪਣੀ ਕਬਰ ਖੁਦ ਪੁੱਟਣ ਦੇ ਬਰਾਬਰ ਹੈ।

ਬੈਨੀਵਾਲ ਨੇ ਇਨ੍ਹਾ ਸਾਰੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਹੈ। ਉਨ੍ਹਾ ਕਿਹਾ ਕਿ ਹੁਣ ਜਦੋਂ ਅਨੁਸ਼ਾਸਨਹੀਣਤਾ ਦੇ ਦੋਸ਼ਾਂ ਤਹਿਤ ਗਜ਼ੀ ਨੂੰ ਪਾਰਟੀ ਵਿੱਚੋਂ ਕੱਢਿਆ ਜਾ ਚੁੱਕਾ ਹੈ ਤਾਂ ਉਹ ਦੋਸ਼ ਲਗਾ ਰਹੇ ਹਨ। ਉਨ੍ਹਾ ਕਿਹਾ ਕਿ ਉਨ੍ਹਾ ਜੋ ਵੀ ਜਾਇਦਾਦਾਂ ਬਣਾਈਆਂ ਹਨ 'ਉਹ ਮਿਹਨਤ ਕਰ ਕੇ' ਬਣਾਈਆਂ ਹਨ। ਬੈਨੀਵਾਲ ਨੇ ਕਿਹਾ ਕਿ ਪੰਜਾਬ 'ਚ ਚਾਰ ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਹੋ ਰਹੀਆਂ ਹਨ। ਇਨ੍ਹਾਂ ਹਲਕਿਆਂ 'ਚ ਚੋਣਾਂ ਲੜਨ ਲਈ ਬਸਪਾ ਦੀ ਕੌਮੀ ਪ੍ਰਧਾਨ ਕੁਮਾਰੀ ਮਾਇਆਵਤੀ ਨੇ ਹਰੀ ਝੰਡੀ ਦੇ ਦਿੱਤੀ ਸੀ, ਪਰ ਸੂਬੇ ਦੇ ਪ੍ਰਧਾਨ ਹੁੰਦਿਆਂ ਗਜ਼ੀ ਨੂੰ ਚਾਰ ਉਮੀਦਵਾਰ ਨਹੀਂ ਲੱਭੇ। ਬੈਨੀਵਾਲ ਨੇ ਗਜ਼ੀ ਵੱਲੋਂ ਲਾਏ ਦੋਸ਼ਾਂ ਨੂੰ ਮੂਲੋਂ ਰੰਦ ਕਰਦਿਆਂ ਕਿਹਾ ਕਿ ਉਹ ਇਸ ਬਾਰੇ ਬਹੁਤਾ ਕੁਝ ਨਹੀਂ ਕਹਿਣਾ ਚਾਹੁੰਦੇ।

ਟੈਂਡਰ ਪੇਸ਼ ਕਰਨਾ ਅਤੇ ਟੈਂਡਰ ਖੁਲਣ ਦੇ ਲਈ ਮਿਤੀ ਅਤੇ ਸਮਾਂ	ਹਰੇਕ ਦੇ ਮਿਲਾਵ ਜਿਆਦੇ ਲਈ ਮਿਤੀਆਂ ਉਤੇ 15.00 ਵਜੇ ਤਕ ਅਤੇ ਉਸੀ ਸਮੇਂ 15.00 ਵਜੇ ਦੇ ਬਾਦ।
ਵੇਬਸਾਈਟ ਵੇਖਣ ਜਿਥੋਂ ਟੈਂਡਰ ਦਾ ਪੂਰਾ ਵੇਰਵਾ ਦੇਖਿਆ ਜਾਂ ਸਕਦਾ ਹੈ ਅਤੇ ਡਾਊਨਲੋਡ ਕੀਤਾ ਜਾ ਸਕਦਾ ਹੈ।	ਪੂਰੀ ਈ-ਟੈਂਡਰ ਸੂਚਨਾ ਉੱਤਰ ਰੇਲਵੇ ਵੇਬਸਾਈਟ www.nr.indianrailways.gov.in ਉਤੇ ਉਪਲਬਧ ਹੈ ਅਤੇ ਟੈਂਡਰ ਦਸਤਾਵੇਜ www.ireps.gov.in ਉਤੇ ਉਪਲਬਧ ਹੈ।

No. 80-W/30/Bridges/Invitation Dated: 11.11.2024 3506/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਰਾਨ ਦੇ ਨਾਲ

Midland microfin Beyond microfinance **MIDLAND MICROFIN LIMITED**

Registered Office:- The AXIS, Plot No.1, R.B. Badri Dass Colony, G.T Road, Jalandhar (PB) 144001 (INDIA)
(CIN: U65921PB1988PLC008430) Tel : +91-181-5076000, Fax No : +91- 181-2236070 Website : www.midlandmicrofin.com

30 ਸਤੰਬਰ 2024 ਨੂੰ ਖਤਮ ਹੋਈ ਤਿਮਾਹੀ ਅਤੇ ਅੱਧੇ ਸਾਲ ਦੇ ਅਣਪੜਤਾਲੇ ਵਿੱਤੀ ਨਤੀਜਿਆਂ ਦਾ ਸਾਰ (ਰੁ. ਮਿਲੀਅਨ 'ਚ ਸਵਾ ਤੇਰ ਤੇਰ ਤਕ ਸਮਾਂ ਅੰਕਾਂਨ ਕਰਨ)

ਲੜੀ ਨੰ.	ਵੇਰਵੇ	ਤਿਮਾਹੀ ਖਤਮ		ਅੱਧ ਸਾਲ ਖਤਮ	ਸਾਲ ਖਤਮ
		30-09-2024 (ਅਣ-ਪੜਤਾਲੇ)	30-09-2023 (ਅਣ-ਪੜਤਾਲੇ)	30-09-2024 (ਅਣ-ਪੜਤਾਲੇ)	31-03-2024 (ਪੜਤਾਲੇ)
1	ਕਾਰੋਬਾਰਾਂ ਤੋਂ ਕੁੱਲ ਆਮਦਨ	1,623.83	1,289.56	3,208.37	5,308.72
2	ਸ਼ੱਕ ਸਣੇ ਕੁੱਲ ਲਾਭ/(ਹਾਨੀ) (ਟੈਕਸ ਤੋਂ ਪਹਿਲਾਂ, ਵਾਜ ਅਤੇ ਜਰੂਰਤ ਅਨੁਸੀਨਾਂ)	51.40	197.71	371.35	940.10
3	ਸ਼ੱਕ ਸਣੇ ਟੈਕਸ ਤੋਂ ਪਹਿਲਾਂ ਕੁੱਲ ਲਾਭ/(ਹਾਨੀ) (ਵਾਜ ਅਤੇ ਜਰੂਰਤ ਅਨੁਸੀਨਾਂ ਤੋਂ ਬਗਲੇ)	51.40	197.71	371.35	940.10
4	ਸ਼ੱਕ ਸਣੇ ਟੈਕਸ ਤੋਂ ਬਾਅਦ ਕੁੱਲ ਲਾਭ/(ਹਾਨੀ) (ਵਸ ਅਤੇ ਜਾਂ ਅਤਯਾਫਤ ਅਨੁਸੀਨਾਂ ਤੋਂ ਬਗਲੇ)	40.18	148.56	280.51	721.55
5	ਸ਼ੱਕ ਸਣੇ ਕੁੱਲ ਵਿਆਪਕ ਆਮਦਨ (ਸ਼ੱਕ ਸਣੇ ਲਾਭ ਲਾਭ/(ਹਾਨੀ) (ਟੈਕਸ ਤੋਂ ਬਾਅਦ) ਅਤੇ ਹੋਰ ਵਿਆਪਕ ਆਮਦਨ (ਟੈਕਸ ਤੋਂ ਬਾਅਦ)	41.29	161.60	264.52	727.14
6	ਪੇਡਅਪ ਇਕੁਇਟੀ ਸ਼ੇਅਰ ਕੈਪੀਟਲ	476.11	455.70	476.11	476.11
7	ਅਰਜ ਪੂਜੀ ਤਰ੍ਹਾਂ ਰਿਜ਼ਰਵੇਸ਼ ਸੂਚਤ 'ਚ	434.68	415.73	434.68	434.68
8	ਸਿਕਯੋਰਡ (ਰਿਕੇਨੂਏਬਲ ਸਿਕਯੋਰ ਤੋਂ ਬਗੈਰ)	1,981.74	1,336.31	1,981.74	1,751.06
9	ਸੰਸਥੀਕਰਨ ਪ੍ਰੋਵੀਅਲ ਅਡਾਊਟ	2,216.72	1,627.05	2,216.72	2,216.74
10	ਕੁੱਲ ਪੁੱਜ	5,109.25	3,634.79	5,109.25	4,878.59
11	ਪੇਡਅਪ ਡੈਬਟ ਕੈਪੀਟਲ/ਅਣਪੂਰਨਵੀਕਿਤ ਡੈਬਟ	22,432.19	16,147.93	22,432.19	19,372.23
12	ਅਣਪੂਰਨਵੀਕਿਤ ਰੀਡੀਮੇਬਲ ਪ੍ਰੇਫਰੀ ਸ਼ੇਅਰਸ	479.37	432.54	479.37	455.42
13	ਡੈਬਟ ਇਕੁਇਟੀ/(ਰੇਸ਼ੋ (ਸ਼ੇਅਰ ਦੇ ਅੰਕਾਂਕ)	4.39	4.21	4.39	3.97
14	ਪ੍ਰਤੀ ਸ਼ੇਅਰ ਕਮਾਈ (ਹਰੇਕ 10 ਰੁਪਏ ਦੀ) (ਵਾਜ ਅਤੇ ਕੰਟ ਕਾਰੋਬਾਰਾਂ ਬਗਲੇ)				
	1. ਬੇਸਿਕ (ਰੁਪਏ)	0.73	3.26	5.32	16.45
	2. ਡਿਲਿਊਟਿਡ (ਰੁਪਏ)	0.70	3.22	4.92	15.53
15	ਸੈਪੀਟਲ ਰੀਡੰਪਸ਼ਨ ਰਿਜ਼ਰਵ	42.80	42.80	42.80	42.80
16	ਡੈਬਾਂਚਰ ਰੀਡੰਪਸ਼ਨ ਰਿਜ਼ਰਵ	36.63	36.63	36.63	36.63

ਟਿਪਣੀਆਂ

1. ਉਪਰੋਕਤ ਨਤੀਜੇ ਸੇਬੀ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼, 2015 ਦੇ ਰੈਗੂਲੇਸ਼ਨ 52 ਦੀਆਂ ਲਿਬਲਾਇਸੇਟਰ ਦੇ ਅਨੁਸਾਰ ਬੋਰਡ ਦੇ ਡਾਇਰੈਕਟਰਾਂ ਦੀਆਂ ਹੁਲਾਵਾ 12 ਨਵੰਬਰ 2024 ਨੂੰ ਹੋਈਆਂ ਮੀਟਿੰਗਾਂ 'ਚ ਮਨਜੂਰ ਕੀਤੇ ਗਏ ਅਤੇ ਆਡਿਟ ਕਮੇਟੀ ਵੱਲੋਂ ਸਮਰਥਨੀ ਕੀਤੇ ਗਏ ਹੁੰਦੇ ਹਨ। 30 ਸਤੰਬਰ, 2024 ਨੂੰ ਖਤਮ ਹੋਈ ਤਿਮਾਹੀ ਦੇ ਉਪਰੋਕਤ ਨਤੀਜਿਆਂ ਕੰਪਨੀ ਦੇ ਸੀਵਿਧਾਨਕ ਆਡੀਟਰਾਂ ਵੱਲੋਂ ਸਮਰਥਨੀ ਕੀਤੇ ਜਾ ਚੁੱਕੇ ਹਨ।

2. ਉਪਰੋਕਤ ਨਤੀਜੇ (ਤਿਮਾਹੀਵਾਰ ਆਕਲੀਕਿਤਾਵਾਂ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ, 2015 ਦੇ ਰੈਗੂਲੇਸ਼ਨ 33 ਅਤੇ 52 ਤਹਿਤ ਸਟਾਕ ਐਕਸਚੇਂਜ ਕੋਲ ਦਾਖਲ ਅਣ-ਪੜਤਾਲੇ ਵਿੱਤੀ ਨਤੀ